ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ
ਵਣ ਕੰਪਲੈਕਸ, ਸੈਕਟਰ-68, ਐਸ.ਏ.ਐਸ. ਨਗਰ।
www.sssb.punjab.gov.in

ਇਸ਼ਤਿਹਾਰ ਨੰ:
03 ਆਫ 2020

## ਜਨਤਕ ਨਿਯੁਕਤੀਆਂ

*****

## ਮਹੱਤਵਪੂਰਨ ਮਿਤੀਆਂ

| | |
|---|---|
| ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ | : 13/11/2020 |
| ਆਨਲਾਈਨ ਅਪਲਾਈ ਕਰਨ ਦੀ ਸ਼ੁਰੂਆਤੀ ਮਿਤੀ | : 16/11/2020 |
| ਆਨਲਾਈਨ ਅਪਲਾਈ ਕਰਨ ਦੀ ਆਖਰੀ ਮਿਤੀ | : 07/12/2020 (ਸ਼ਾਮ 5:00 ਵਜੇ ਤੱਕ) |
| ਫੀਸ ਭਰਨ ਦੀ ਆਖਰੀ ਮਿਤੀ | : 10/12/2020 |

## ਜਾਣ ਪਹਿਚਾਣ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਸਥਾਪਨਾ ਭਾਰਤੀ ਸੰਵਿਧਾਨ ਦੀ ਧਾਰਾ 309 ਤਹਿਤ ਕੀਤੀ ਗਈ ਹੈ। ਜਿਸ ਦਾ ਮੁੱਖ ਮੰਤਵ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਪ੍ਰਾਪਤ ਹੋਏ ਮੰਗ ਪੱਤਰਾਂ ਅਨੁਸਾਰ ਗਰੁੱਪ-ਸੀ ਸੇਵਾਵਾਂ ਦੇ ਅਮਲੇ ਦੀ ਭਰਤੀ ਕਰਨਾ ਹੈ।

**ਸਹਾਇਕ ਸੁਪਰਡੰਟ/ਵੈਲਫੇਅਰ ਅਫਸਰ/ਪ੍ਰੋਬੇਸ਼ਨ ਅਫਸਰ ਦੀ ਅਸਾਮੀਂ ਲਈ ਭਰਤੀ ਪ੍ਰਕ੍ਰਿਆ - 2020**

**ਇਸ਼ਤਿਹਾਰ ਨੰਬਰ : 03 ਆਫ 2020**

## ਇਸ਼ਤਿਹਾਰ ਦਾ ਵਿਸਤਾਰਪੂਰਵਕ ਵੇਰਵਾ

1. ਦਫਤਰ ਵਧੀਕ ਡਾਇਰੈਕਟਰ ਜਨਰਲ ਪੁਲਿਸ, ਜੇਲ੍ਹਾਂ, ਪੰਜਾਬ, ਚੰਡੀਗੜ੍ਹ ਪਾਸੋਂ ਪ੍ਰਾਪਤ ਮੰਗ ਪੱਤਰ ਜੀ.ਆਈ/ਈ-3/288 ਮਿਤੀ 10-01-2020 ਅਤੇ ਜੀ.ਆਈ/ਅਮਲਾ-1/ਅ-3/ਐਸ-110-ਏ-ਪਾਰਟ-2/ 10341 ਮਿਤੀ 05.11.2020 ਅਨੁਸਾਰ ਗਰੁੱਪ-ਸੀ ਕਾਡਰ ਦੀਆਂ Assistant Superintendent/Welfare Officer/Probation Officer (Male and Female) ਦੀਆਂ ਕੁੱਲ 46 ਅਸਾਮੀਆਂ ਭਰਨ ਲਈ ਬੋਰਡ ਦੀ ਵੈਬਸਾਈਟ www.sssb.punjab.gov.in ਤੇ ਯੋਗ ਉਮੀਦਵਾਰਾਂ ਤੋਂ ਮਿਤੀ 16/11/2020 ਤੋਂ 07/12/2020 ਸ਼ਾਮ 05-00 ਵਜੇ ਤੱਕ ਆਨਲਾਈਨ ਅਰਜੀਆਂ/ਬਿਨੈ-ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।

## 2. ਵਿੱਦਿਅਕ ਯੋਗਤਾ/ ਪੇਅ ਸਕੇਲ

| ਲੜੀ ਨੰ. | ਵਿਭਾਗ ਦਾ ਨਾਮ | ਅਸਾਮੀ ਦਾ ਨਾਮ | ਯੋਗਤਾ | ਪੇ ਸਕੇਲ (**Minimum Pay Admissible**) |
|---|---|---|---|---|
| 1. | ਦਫਤਰ ਵਧੀਕ ਡਾਇਰੈਕਟਰ ਜਨਰਲ ਪੁਲਿਸ, ਜੇਲ੍ਹਾਂ, ਪੰਜਾਬ, ਚੰਡੀਗੜ੍ਹ। | Assistant Superintendent/Welfare Officer/Probation Officer (Male and Female) | **i) <u>Qualification:-</u>**<br><br>**"A degree in Arts, Science, Agriculture and Commerce from a recognized University"**<br><br>**"No person shall be appointed to any post in any service by direct appointment unless he has passed Matriculation Examination with Punjabi as one of the compulsory or elective subject or any other equivalent examination in Punjabi Language, which may be specified by the Government from time to time (As per Punjab Civil Services General and Common Condition Rules, 1994).**<br><br>**ii) <u>Eligibility:-</u>**<br><br>**A Physical Measurement Test (PMT) of for male candidates is as follows:-**<br><br>**Height- 5 Feet 7 Inches**<br>**(5 Feet 5 Inches in case of Dogras and Gurkhas)**<br><br>**Chest- 33 Inches - Unexpanded**<br>**34.5 Inches - Expanded**<br><br>**A Physical Measurement Test (PMT) of for female candidates is as follows:-**<br><br>**Height-5 Feet 3 Inches**<br>**Weight- 110 Lbs (50 Kg).**<br><br>**iii) Physical Efficiency Test is to be taken for the bench marks of minimum standards.** | 35400/- (As per Govt. of Punjab, Finance Department (F.P.1 Branch) I.D. No. 7/94/2020-2F.P.1/1167 dated 04.11.2020. |

ਨੋਟ : ਉਮੀਦਵਾਰ ਆਨਲਾਈਨ ਅਪਲਾਈ ਕਰਨ ਤੋਂ ਪਹਿਲਾਂ ਹਰ ਪੱਖੋ ਲੋੜੀਂਦੀਂ ਵਿਦਿਅਕ ਯੋਗਤਾ ਪੂਰੀ ਕਰਦਾ ਹੋਵੇ।

**3. Total number of vacant posts of Assistant Superintendent/Welfare Officer/Probation Officer = 46**

| Sr. No. | Category | Total Number of Vacancies | Out of total number of vacancies mentioned at Column No. C, 33% reservation for female as per Govt. of Punjab Notification bearing no. G.S.R.87/Const./Arts.309 and 15/2020 dated 21.10.2020 |
|---|---|---|---|
| A | B | C | D |
| 1 | General | 19 | 06 |
| 2 | Economically Weaker Section (E.W.S) | 05 | 02 |
| 3 | Schedule Caste | 09 (05 M&B) (04 R&O) | 02 (M&B) 01(R&O) |
| 4 | Schedule Caste (Sportsman) | 01 | - |
| 5 | Schedule Caste (Ex-serviceman) | 02 (01 M&B), (01 R&O) | 01(M&B) - |
| 6 | Bakcward Class | 05 | 02 |
| 7 | Backward Classes (Ex-serviceman) | 01 | - |
| 8 | Ex-serviceman | 03 | 01 |
| 9 | Freedom Figher | 01 | - |
| Total | | 46 | 15 |

4. **ਕੈਟਾਗਰੀ ਕੋਡ (Category codes):**

| Sr. No. | Category | Code |
|---|---|---|
| 1. | General | 101 |
| 2. | S.C (M & B) | 102 |
| 3. | S.C (Ramdasia & others) | 103 |
| 4. | B.C | 104 |
| 5. | ESM Gen. (Self ) | 105 |
| 6. | ESM Gen. (Dependent) | 106 |
| 7. | ESM SC (Self) | 107 |
| 8. | ESM SC (Dependent) | 108 |
| 9. | ESM BC (Self) | 109 |
| 10. | ESM BC (Dependent) | 110 |
| 11. | Sports SC | 112 |
| 12. | Freedom Fighter | 116 |
| 13. | Economic Weaker Section-EWS (Gen.) | 117 |

General - ਆਮ ਵਰਗ, SC (M&B) - ਅਨੁਸੂਚਿਤ ਜਾਤੀ (ਮਜਬੀ ਅਤੇ ਬਾਲਮਿਕੀ), SC (R&O) - ਅਨੁਸੂਚਿਤ ਜਾਤੀ (ਰਾਮਦਾਸੀਆ ਅਤੇ ਹੋਰ), BC - ਪੱਛੜੀ ਸ਼੍ਰੇਣੀ, ESM Gen. (Self) - ਸਾਬਕਾ ਫੌਜੀ-ਆਮ ਵਰਗ (ਖੁਦ), ESM Gen. (Dependent) ਸਾਬਕਾ ਫੌਜੀ-ਆਮ ਵਰਗ (ਆਸ਼ਰਿਤ), ESM SC (Self) - ਸਾਬਕਾ ਫੌਜੀ-ਅਨੁਸੂਚਿਤ ਜਾਤੀ (ਖੁਦ), ESM SC (Dependent) - ਸਾਬਕਾ ਫੌਜੀ-ਅਨੁਸੂਚਿਤ ਜਾਤੀ (ਆਸ਼ਰਿਤ), ESM BC (Self) - ਸਾਬਕਾ ਫੌਜੀ-ਪੱਛੜੀ ਸ਼੍ਰੇਣੀ (ਖੁਦ), ESM BC (Dependent) - ਸਾਬਕਾ ਫੌਜੀ-ਪੱਛੜੀ ਸ਼੍ਰੇਣੀ (ਆਸ਼ਰਿਤ), Sports SC - ਖਿਡਾਰੀ (ਅਨੁਸੂਚਿਤ ਜਾਤੀ), Freedom Fighter - ਸੁਤੰਤਰਤਾ ਸੰਗਰਾਮੀ, EWS (Gen.) - ਆਰਥਿਕ ਤੌਰ ਤੇ ਕਮਜ਼ੋਰ ਵਰਗ (ਆਮ ਵਰਗ)।

ਨੋਟ:- 1. (ੳ) ESM Gen, ESM SC ਅਤੇ ESM BC ਦੀਆਂ ਅਸਾਮੀਆਂ ESM (Self ) ਉਮੀਦਵਾਰਾਂ ਵਿੱਚੋਂ ਹੀ ਭਰੀਆਂ ਜਾਣਗੀਆਂ। ESM (Self) ਉਮੀਦਵਾਰ ਉਪਲਬੱਧ ਨਾ ਹੋਣ ਦੀ ਸਥਿਤੀ ਵਿੱਚ ਇਹ ਅਸਾਮੀਆਂ ESM (Dependent) ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ।

(ਅ) ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ 08.05.2020 ਮੁਤਾਬਿਕ ਜੇਕਰ ਕਿਸੇ ਅਸਾਮੀਂ ਵਿਰੁੱਧ ਸਾਬਕਾ ਫੌਜੀ ਖੁਦ ਜਾਂ ਸਾਬਕਾ ਫੌਜੀ ਆਸ਼ਰਿਤ ਉਮੀਦਵਾਰ ਉਪਲਬਧ ਨਹੀਂ ਹੁੰਦਾ ਤਾਂ ਇਹ ਅਸਾਮੀ ਹੇਠ ਲਿਖੇ ਨਿਯਮ ਅਨੁਸਾਰ ਭਰੀ ਜਾਣੀ ਹੈ:

In the Punjab Recruitment of Ex-Servicemen Rules, 1982, in rule 4, in sub-rule (1), for the existing third proviso, the following proviso shall be substituted, namely:-

"Provided further that when an ex-serviceman is not available for recruitment against a reserved vacancy and further no wife or dependent child of an Ex-serviceman is available for recruitment against a reserved vacancy, such a vacancy shall be reserved to be filled in by recruitment of the grand child of a Gallantry Award Winner, in case the benefit of reservation has not been availed of by any of the children or dependents of such winner or by the winner himself subject to the conditions specified in the second proviso."

**ਨੋਟ:-2. ਸਹਾਇਕ ਸੁਪਰਡੰਟਾਂ/ਭਲਾਈ ਅਫਸਰ/ਪਰਖ ਅਫਸਰਾਂ ਦੀ ਸਿੱਧੀ ਭਰਤੀ ਵਿੱਚ, ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ (ਸਮਾਜਿਕ ਸੁਰਖਿਆ ਸ਼ਾਖਾ) ਵੱਲੋਂ ਆਪਣੇ ਮੀਮੋ ਨੰਬਰ 01/30/99/5ਸਸ/2453 ਮਿਤੀ 28.05.2001 ਅਨੁਸਾਰ ਜੇਲ੍ਹ ਵਿਭਾਗ ਵਿੱਚ ਸਹਾਇਕ ਸੁਪਰਡੰਟ / ਭਲਾਈ ਅਫਸਰ / ਪਰਖ ਅਫਸਰ ਦੀ ਅਸਾਮੀ, ਜਿਸ ਦਾ ਸਬੰਧ ਸੁਰੱਖਿਆ ਨਾਲ ਹੈ, ਦੀ ਨੇਚਰ ਆਫ ਜਾਬ ਨੂੰ ਵੇਖਦੇ ਹੋਏ, ਇਹ ਅਸਾਮੀ ਅਪੰਗ ਵਿਅਕਤੀਆਂ ਵਿੱਚੋਂ ਪੁਰ ਕਰਨ ਤੋਂ ਛੋਟ ਦਿੱਤੀ ਗਈ ਹੈ। ਭਾਵ ਕਿਸੇ ਵੀ ਤਰ੍ਹਾਂ ਦਾ ਅਪੰਗ ਉਮੀਦਵਾਰ ਇਨ੍ਹਾਂ ਅਸਾਮੀਆਂ ਲਈ ਯੋਗ ਨਹੀ ਹੈ।**

5. **ਉਮਰ ਸੀਮਾ**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਵਧੀਕ ਡਾਇਰੈਕਟਰ ਜਨਰਲ ਪੁਲਿਸ, ਜੇਲ੍ਹ, ਪੰਜਾਬ, ਚੰਡੀਗੜ੍ਹ ਦੇ ਪੱਤਰ ਮਿਤੀ 10-01-2020 ਅਨੁਸਾਰ ਇਨ੍ਹਾਂ ਅਸਾਮੀਆਂ ਲਈ ਉਮਰ ਸੀਮਾ ਮਿਤੀ 01.01.2020 ਨੂੰ ਹੇਠ ਅਨੁਸਾਰ ਹੋਣੀ ਚਾਹੀਦੀ ਹੈ :-

(i) ਕਿਸੇ ਵੀ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ ਘੱਟੋ-ਘੱਟ 21 ਸਾਲ ਹੋਣੀ ਚਾਹੀਦੀ ਹੈ।
(ii) ਜਨਰਲ ਸ਼੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾਂ 27 ਸਾਲ ਹੋਵੇਗੀ।

(iii) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਉਮੀਦਵਾਰਾਂ ਦੀ ਉਪਰਲੀ ਸੀਮਾਂ ਵਿੱਚ 5 ਸਾਲ ਦੀ ਛੋਟ ਦਿੰਦੇ ਹੋਏ ਇਹ ਉਮਰ ਸੀਮਾਂ 32 ਸਾਲ ਹੋਵੇਗੀ।

(iv) ਰਾਜ ਅਤੇ ਕੇਂਦਰ ਸਰਕਾਰ ਦੇ ਕਰਮਚਾਰੀਆਂ, ਜਿਨ੍ਹਾਂ ਦੀ ਸਰਕਾਰੀ ਸੇਵਾ 5 ਸਾਲ ਤੋਂ ਘੱਟ ਨਾ ਹੋਵੇ, ਲਈ ਉਪਰਲੀ ਉਮਰ ਸੀਮਾਂ 35 ਸਾਲ ਹੋਵੇਗੀ।

(v) ਪੰਜਾਬ ਰਾਜ ਦੇ ਵਸਨੀਕ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਪਰਲੀ ਉਮਰ ਸੀਮਾਂ Punjab Recruitment of Ex-Servicemen Rules, 1982 ਅਤੇ ਸਮੇਂ-ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਸੀਮਾ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਉਮਰ ਸੀਮਾਂ ਤੋਂ 3 ਸਾਲ ਤੋਂ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਸੀਮਾਂ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

6. **ਫੀਸ ਸਬੰਧੀ ਵੇਰਵਾ :**

| | | |
|---|---|---|
| ਆਮ ਵਰਗ (GEN) | - | 1000/- |
| ਐਸ.ਸੀ. (SC)/ਬੀ.ਸੀ. (BC)/ਆਰਥਿਕ ਤੌਰ ਤੇ ਕਮਜ਼ੋਰ ਵਰਗ (EWS) | - | 250/- |
| ਸਾਬਕਾ ਫੌਜੀ | - | 200/- |

**ਨੋਟ : ਉਮੀਦਵਾਰ ਦੁਆਰਾ ਇੱਕ ਵਾਰ ਅਦਾ ਕੀਤੀ ਫੀਸ ਕਿਸੇ ਵੀ ਹਾਲਤ ਵਿੱਚ ਵਾਪਸ ਨਹੀਂ ਕੀਤੀ ਜਾਏਗੀ।**

7. **ਰਾਖਵਾਂਕਰਨ/ Reservation ਸਬੰਧੀ ਮਹੱਤਵਪੂਰਨ ਹਦਾਇਤਾਂ :**

(i) ਉਮੀਦਵਾਰ ਸ਼੍ਰੇਣੀ ਅਤੇ ਇਸਦੇ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਧਿਆਨ ਨਾਲ ਭਰਨ ਕਿਉਂਕਿ ਕਿਸੇ ਵੀ ਸਟੇਜ ਤੇ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਤਬਦੀਲ ਨਹੀਂ ਹੋਵੇਗਾ।

(ii) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਵਸਨੀਕਾਂ ਨੂੰ ਹੀ ਮਿਲਣਯੋਗ ਹੋਵੇਗਾ। ਇਸ ਲਈ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਭਰਨ ਸਮੇਂ ਉਮੀਦਵਾਰ ਇਸ ਗੱਲ ਦਾ ਧਿਆਨ ਰੱਖੇਗਾ। ਉਮੀਦਵਾਰ ਵੱਲੋਂ ਆਨਲਾਈਨ ਭਰੇ ਗਏ ਫਾਰਮ ਵਿੱਚ ਦਰਜ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਦੇ ਆਧਾਰ ਤੇ ਹੀ ਉਸਦੀ ਪਾਤਰਤਾ ਨੂੰ ਵਿਚਾਰਿਆ ਜਾਵੇਗਾ।

(iii) ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਦਾ ਤਾਜਾ ਜਾਰੀ ਰਿਹਾਇਸ਼ੀ ਸਰਟੀਫਿਕੇਟ, ਜੋ ਕਿ 5 ਸਾਲ ਤੋਂ ਜਿਆਦਾ ਪੁਰਾਣਾ ਨਾ ਹੋਵੇ, ਅਪਲੋਡ/ਪੇਸ਼ ਕਰੇਗਾ।

(iv) ਦੂਜੇ ਰਾਜਾਂ ਨਾਲ ਸਬੰਧਤ ਉਮੀਦਵਾਰ ਕੇਵਲ ਜਨਰਲ ਕੈਟਾਗਰੀ ਅਧੀਨ ਹੀ ਅਪਲਾਈ ਕਰ ਸਕਦੇ ਹਨ।

(v) ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਸਾਬਕਾ ਫੌਜੀਆਂ ਦਾ ਸਰਟੀਫਿਕੇਟ ਪੰਜਾਬ ਸਰਕਾਰ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

(vi) ਉਮੀਦਵਾਰ ਨੂੰ ਕਾਉਂਸਲਿੰਗ ਸਮੇਂ ਅਤੇ ਹੋਰ ਕਿਸੇ ਵੀ ਸਟੇਜ ਤੇ ਬੋਰਡ ਦੀ ਮੰਗ ਅਨੁਸਾਰ ਆਪਣੀ ਸ਼੍ਰੇਣੀ ਨਾਲ ਸਬੰਧਤ ਹਰ ਤਰ੍ਹਾਂ ਦਾ ਪੁਖਤਾ (Valid) ਸਰਟੀਫਿਕੇਟ ਸਬੂਤ ਵੱਜੋਂ ਪੇਸ਼ ਕਰਨਾ ਪਵੇਗਾ।ਇਹ ਸਰਟੀਫਿਕੇਟ ਸਮਰੱਥ ਅਥਾਰਟੀ ਵੱਲੋਂ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦਾ ਜਾਰੀ ਕੀਤਾ ਹੋਣਾ ਲਾਜਮੀ ਹੈ।

8. **ਚੋਣ ਵਿਧੀ :**

(i) ਪ੍ਰਕਾਸ਼ਿਤ ਕੀਤੀਆਂ ਅਸਾਮੀਆਂ ਲਈ ਸਫਲਤਾਪੂਰਵਕ ਬਿਨੈ ਕਰਨ ਵਾਲੇ ਉਮੀਦਵਾਰਾਂ ਦੀ Ojective type ਲਿਖਤੀ ਪ੍ਰੀਖਿਆ ਲਈ ਜਾਏਗੀ। ਲਿਖਤੀ ਪ੍ਰੀਖਿਆ ਦਾ ਸੰਭਾਵਤ ਸਿਲੇਬਸ

ਅਤੇ ਪੈਟਰਨ (Pattern) Annexure-A ਵਿੱਚ ਦਰਸਾਇਆ ਗਿਆ ਹੈ। ਇਹ ਸਿਲੇਬਸ ਅਤੇ ਪੈਟਰਨ (ਪ੍ਰਸ਼ਨਾਂ/ਅੰਕਾਂ ਦੀ ਵੰਡ) ਸੰਕੇਤਕ (Indicative) ਹੈ ਜੋ ਕਿ ਉਮੀਦਵਾਰਾਂ ਨੂੰ ਸਿਰਫ ਸੇਧ ਦੇਣ ਦੇ ਮੰਤਵ ਲਈ ਨਿਰਧਾਰਤ ਕੀਤਾ ਗਿਆ ਹੈ। ਇਸ ਵਿੱਚ ਬਦਲਾਅ ਹੋ ਸਕਦਾ ਹੈ।

(ii) ਲਿਖਤੀ ਪ੍ਰੀਖਿਆ ਵਿੱਚ 40 ਪ੍ਰਤੀਸ਼ਤ ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲਾ ਉਮੀਦਵਾਰ ਯੋਗ ਨਹੀ ਮੰਨਿਆ ਜਾਵੇਗਾ। ਲਿਖਤੀ ਪ੍ਰੀਖਿਆ ਵਿੱਚ ਯੋਗ ਪਾਏ ਗਏ ਉਮੀਦਵਾਰਾਂ ਨੂੰ ਪ੍ਰਾਪਤ ਅੰਕਾਂ ਦੇ ਆਧਾਰ ਬਣੀ ਮੈਰਿਟ ਮੁਤਾਬਿਕ 5 ਗੁਣਾਂ ਜਾਂ ਬੋਰਡ ਵੱਲੋਂ ਲਏ ਗਏ ਫੈਸਲੇ ਦੇ ਅਧਾਰ ਤੇ ਕਾਉਂਸਲਿੰਗ ਲਈ ਬੁਲਾਇਆ ਜਾਵੇਗਾ।

(iii) ਲਿਖਤੀ ਪ੍ਰੀਖਿਆ ਵਿੱਚ ਜੇਕਰ ਮੈਰਿਟ ਦੀ ਬਰਾਬਰਤਾ ਸਬੰਧੀ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਇਸ ਸਬੰਧੀ ਬਰਾਬਰ ਅੰਕ ਹਾਸਲ ਉਮੀਦਵਾਰਾਂ ਦੀ ਜਨਮ ਮਿਤੀ ਨੂੰ ਵਿਚਾਰਿਆ ਜਾਵੇਗਾ ਅਤੇ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉਪਰ ਮੰਨੀ ਜਾਵੇਗੀ। ਜੇਕਰ ਬਰਾਬਰ ਮੈਰਿਟ ਹਾਸਲ ਉਮੀਦਵਾਰਾਂ ਦੀ ਜਨਮ ਮਿਤੀ ਮੁਤਾਬਿਕ ਉਮਰ ਵਿੱਚ ਵੀ ਬਰਾਬਰਤਾ ਪਾਈ ਜਾਂਦੀਂ ਹੈ ਤਾਂ ਇਸ ਸਬੰਧੀ ਉਮੀਦਵਾਰਾਂ ਦੀ ਗ੍ਰੇਜੂਏਸ਼ਨ ਦੀ ਪ੍ਰਤੀਸ਼ਤਤਾ ਨੂੰ ਵਿਚਾਰਦੇ ਹੋਏ ਵੱਧ ਅੰਕ ਹਾਸਲ ਉਮੀਦਵਾਰ ਦੀ ਮੈਰਿਟ ਉਪਰ ਮੰਨੀ ਜਾਵੇਗੀ ਅਤੇ ਜੇਕਰ ਉਪਰੋਕਤ ਦੋਵੇਂ ਸਥਿਤੀਆਂ ਵਿੱਚ ਵੀ ਅੰਕਾਂ ਦੀ ਬਰਾਬਰਤਾ ਦਾ ਵਿਵਾਦ ਨਹੀਂ ਸੁਲਝਦਾ ਹੈ ਤਾਂ ਅੰਤ ਵਿੱਚ ਮੈਟ੍ਰਿਕ ਦੇ ਅੰਕਾਂ ਨੂੰ ਵਿਚਾਰਦੇ ਹੋਏ ਵੱਧ ਮੈਟ੍ਰਿਕ ਅੰਕ ਹਾਸਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉਪਰ ਮੰਨੀ ਜਾਵੇਗੀ।

(iv) ਮੈਰਿਟ ਸੂਚੀ ਵਿੱਚੋਂ ਕਾਉਂਸਲਿੰਗ ਉਪਰੰਤ ਯੋਗ ਪਾਏ ਗਏ ਉਮੀਦਵਾਰਾਂ ਦਾ Physical Measurement Test (PMT) ਲਿਆ ਜਾਵੇਗਾ, ਜਿਸ ਦਾ ਇਸਤਰੀ ਅਤੇ ਪੁਰਖ ਉਮੀਦਵਾਰਾਂ ਮੁਤਾਬਿਕ ਵੇਰਵਾ ਹੇਠ ਅਨੁਸਾਰ ਹੈ:-

Physical Standards for male candidates are as follows:

Height-5 feet 7 inches (5 feet 5 inches in case of Dogras and Gurkhas)

Chest – 33 inches unexpanded and 34.5 inches expanded"

Physical Standard for female candidates are as follows:

Height -5 feet 3 inches

Weight – 110 Lbs (50 kg)."

(V) Physical Measurement Test (PMT) ਵਿੱਚ ਯੋਗ ਪਾਏ ਗਏ ਉਮੀਦਵਾਰਾਂ ਦਾ Physical Efficiency Test (PET) ਲਿਆ ਜਾਵੇਗਾ ਜਿਸ ਸਬੰਧੀ ਮਾਪਦੰਡ Annexure-B ਤੇ ਦਰਸ਼ਾਏ ਜਾਂਦੇਂ ਹਨ।

**ਨੋਟ:** - ਲਿਖਤੀ ਪ੍ਰੀਖਿਆ, ਸ਼ਰੀਰਿਕ ਯੋਗਤਾ ਟੈਸਟ, ਯੋਗ ਪਾਏ ਗਏ ਉਮੀਦਵਾਰਾਂ ਦੀ ਕਾਉਂਸਲਿੰਗ ਅਤੇ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਿ ਪ੍ਰੀਖਿਆ ਦੀ ਮਿਤੀ ਅਤੇ ਪ੍ਰੀਖਿਆ ਕੇਂਦਰ ਆਦਿ ਸਿਰਫ ਬੋਰਡ ਦੀ ਵੈੱਬਸਾਈਟ http://www.sssb.punjab.gov.in/ ਤੇ ਹੀ ਅਪਲੋਡ (upload) ਕੀਤੀ ਜਾਏਗੀ। ਇਸ ਕਰਕੇ ਉਮੀਦਵਾਰਾਂ ਵੱਲੋਂ (Latest updates) ਲਈ ਬੋਰਡ ਦੀ ਵੈੱਬਸਾਈਟ ਲਾਜ਼ਮੀ ਤੌਰ ਤੇ ਚੈੱਕ ਕਰਦੇ ਰਹਿਣਾ ਹੋਵੇਗਾ। ਕਿਸੇ ਵੀ ਉਮੀਦਵਾਰ ਨਾਲ ਵਿਅਕਤੀਗਤ ਤੌਰ ਤੇ ਪੱਤਰ-ਵਿਹਾਰ ਨਹੀਂ ਕੀਤਾ ਜਾਵੇਗਾ।

9. **ਅਪਲਾਈ ਕਰਨ ਦੀ ਵਿਧੀ :-**

1) ਉਮੀਦਵਾਰ ਬੋਰਡ ਦੀ ਵੈਬਸਾਈਟ http://www.sssb.punjab.gov.in/ ਤੇ ਆਨਲਾਈਨ ਹੀ ਅਪਲਾਈ ਕਰ ਸਕਦੇ ਹਨ। ਕਿਸੇ ਵੀ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਰੱਦ ਸਮਝੀ ਜਾਵੇਗੀ।

2) ਉਮੀਦਵਾਰ ਆਨਲਾਈਨ ਅਪਾਲਾਈ ਕਰਦੇ ਸਮੇਂ ਸਭ ਤੋਂ ਪਹਿਲਾ ਅਪਲਾਈ ਕਰਨ ਦੀਆਂ ਹਦਾਇਤਾਂ ਨੂੰ ਧਿਆਨਪੂਰਵਕ ਪੜ੍ਹਦੇ ਹੋਏ ਆਪਣੀ ਨਿੱਜੀ ਜਾਣਕਾਰੀ ਆਨਲਾਈਨ ਐਪਲੀਕੇਸ਼ਨ ਫਾਰਮ ਵਿੱਚ ਭਰ ਕੇ save ਕਰਨਗੇ, ਜਿਸ ਨਾਲ ਰਜਿਸਟਰੇਸ਼ਨ ਨੰਬਰ ਜਨਰੇਟ ਹੋ ਜਾਵੇਗਾ। ਇਸ ਉਪਰੰਤ ਉਮੀਦਵਾਰ ਆਪਣੀ ਪਾਸਪੋਰਟ ਸਾਈਜ ਫੋਟੋਗਰਾਫ, ਹਸਤਾਖਰ ਅਤੇ ਲੋੜੀਂਦੀ ਵਿਦਿਅਕ ਯੋਗਤਾ ਜਿਵੇਂ ਕਿ ਗ੍ਰੈਜੂਏਸ਼ਨ, ਮੈਟ੍ਰਿਕ ਦਾ ਜਨਮ ਮਿਤੀ ਵਾਲਾ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ (ਜੇਕਰ ਲੋੜੀਂਦਾਂ ਹੋਵੇ) ਅਤੇ ਕੈਟਾਗਰੀ ਆਦਿ ਨਾਲ ਸਬੰਧਤ ਸਰਟੀਫਿਕੇਟ ਸਕੈਨ ਕਰਕੇ ਅਪਲੋਡ ਕਰਨਗੇ। ਇਨ੍ਹਾਂ ਦਸਤਾਵੇਜਾਂ ਦੇ ਅਪਲੋਡ ਹੋਣ ਉਪਰੰਤ ਆਨਲਾਈਨ ਫਾਰਮ ਸਬਮਿਟ (submit) ਕਰਨ ਤੋਂ ਪਹਿਲਾ ਉਮੀਦਵਾਰ ਕਿਸੇ ਵੀ ਤਰ੍ਹਾਂ ਦੀ ਸੋਧ ( ਨਾਂ, ਪਿਤਾ ਦਾ ਨਾਂ, ਜਨਮ ਮਿਤੀ ਅਤੇ ਕੈਟਾਰਗੀ ਨੂੰ ਛੱਡ ਕੇ) ਆਨਲਾਈਨ ਐਪਲੀਕੇਸ਼ਨ ਫਾਰਮ ਵਿੱਚ ਕਰ ਸਕਦੇ ਹਨ। ਇੱਕ ਵਾਰ ਆਨਲਾਇਨ ਐਪਲੀਕੇਸ਼ਨ ਫਾਰਮ ਸਬਮਿਟ ਹੋ ਜਾਣ ਉਪਰੰਤ ਉਮੀਦਵਾਰ ਉਸ ਵਿੱਚ ਕਿਸੇ ਵੀਂ ਤਰ੍ਹਾਂ ਦਾ ਸੋਧ ਨਹੀ ਕਰ ਸਕੇਗਾ।

3) ਆਨਲਾਈਨ ਐਪਲੀਕੇਸ਼ਨ ਫਾਰਮ ਦੇ ਸਫਲਤਾਪੂਰਵਕ ਸਬਮਿਟ ਹੋ ਜਾਣ ਉਪਰੰਤ ਉਮੀਦਵਾਰ ਕੰਮ-ਕਾਜ ਵਾਲੇ ਤੀਸਰੇ ਦਿਨ ਫੀਸ ਦਾ ਭੁਗਤਾਨ ਸਟੇਟ ਬੈਂਕ ਆਫ ਇੰਡੀਆ(State Bank of India) ਦੀ ਕਿਸੇ ਵੀ ਸ਼ਾਖਾ ਵਿੱਚ ਫੀਸ ਭਰਨ ਦੀ ਆਖਰੀ ਮਿਤੀ 10.12.2020 ਤੱਕ ਕਰਵਾ ਸਕਦੇ ਹਨ। ਉਮੀਦਵਾਰ ਲੋੜੀਂਦੀਂ ਫੀਸ ਦਾ ਭੁਗਤਾਨ Net Banking, Credit Card, Debit Card, Rupay Card, PhonePay, GooglePay Paytm, Bank Challan ਆਦਿ ਕਿਸੇ ਵੀ mode ਰਾਹੀਂ ਕਰ ਸਕਦੇ ਹਨ। ਜੇਕਰ ਕਿਸੇ ਕਾਰਨ ਉਮੀਦਵਾਰ ਦੀ ਆਨਲਾਈਨ ਫੀਸ ਜਮ੍ਹਾਂ ਨਹੀ ਹੋ ਪਾਂਦੀ ਹੈ ਤਾਂ ਉਸਦੀ ਅਰਜੀ ਰੱਦ ਸਮਝੀ ਜਾਵੇਗੀ।

4) ਲੋੜੀਂਦੀਂ ਫੀਸ ਜ੍ਰਮਾਂ ਕਰਵਾਉਣ ਉਪਰੰਤ ਹੀ online ਅਪਲਾਈ ਕਰਨ ਦਾ ਪ੍ਰੋਸੈਸ ਪੂਰਾ ਹੋ ਸਕੇਗਾ ਅਤੇ ਇਸ ਉਪਰੰਤ ਹੀ online application form ਦਾ ਪ੍ਰਿੰਟ ਜਨਰੇਟ ਹੋਵੇਗਾ। ਉਮੀਦਵਾਰ ਇਸ ਫਾਰਮ ਦਾ ਪ੍ਰਿੰਟ ਲੈ ਕੇ ਭਵਿੱਖ ਲਈ ਸੰਭਾਲ ਕੇ ਰੱਖਣਗੇ।

5) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਅਤੇ ਫੀਸ ਦਾ ਭੁਗਤਾਨ ਨਾ ਕਰਨ ਦੀ ਹਾਲਤ ਵਿੱਚ ਉਸਦੀ ਪਾਤਰਤਾ ਰੱਦ ਸਮਝੀ ਜਾਵੇਗੀ।

6) ਕਿਸੇ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਜਾਂ ਕਿਸੇ ਹੋਰ ਵਿਧੀ ਰਾਹੀਂ ਜਮ੍ਹਾਂ ਕਰਵਾਈ ਗਈ ਫੀਸ ਨੂੰ ਵੈਲਿਡ(valid) ਨਹੀਂ ਮੰਨਿਆ ਜਾਵੇਗਾ ਅਤੇ ਅਜਿਹੀ ਅਰਜੀ ਨੂੰ ਅਸਵੀਕਾਰ ਕਰਦੇ ਹੋਏ ਰੱਦ ਕਰ ਦਿੱਤਾ ਜਾਵੇਗਾ।

## 10. ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ :

ਹੇਠ ਲਿਖੇ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ :-

(i) ਪੂਰੀ ਫੀਸ ਪ੍ਰਾਪਤ ਨਾ ਹੋਣਾ ਜਾਂ ਨਿਰਧਾਰਤ ਵਿਧੀ ਅਨੁਸਾਰ ਫੀਸ ਜਮ੍ਹਾਂ ਨਾ ਕਰਵਾਉਣ,

(ii) ਜੇਕਰ ਉਮੀਦਵਾਰ ਵੱਲੋਂ ਭਰੀ ਗਈ ਆਨਲਾਈਨ ਫੀਸ ਕਿਸੇ ਵੀ ਕਾਰਨ ਫੇਲ ਹੁੰਦੀ ਹੈ ਤਾਂ ਫੀਸ ਦੀ ਪ੍ਰਾਪਤੀ ਨਹੀਂ ਮੰਨੀਂ ਜਾਵੇਗੀ ਅਤੇ ਅਰਜੀ ਰੱਦ ਸਮਝੀ ਜਾਵੇਗੀ।

(iii) ਬਿਨੈ-ਪੱਤਰ ਵਿੱਚ ਅਧੂਰੀ ਜਾਂ ਗਲਤ ਸੂਚਨਾ ਭਰਨਾ,

(iv) ਆਨਲਾਈਨ ਬਿਨੈ ਕਰਨ ਦੀ ਪੂਰੀ ਪ੍ਰਕਿਰਿਆ ਮੁਕੰਮਲ ਨਾ ਕਰਨਾ,

(v) ਅਧੀਨ ਸੇਵਾਵਾਂ ਚੋਣ ਬੋਰਡ, ਜਾਂ ਕਿਸੇ ਹੋਰ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਹੋਣਾ,

(vi) ਵਿੱਦਿਅਕ ਯੋਗਤਾ, ਉਮਰ, ਰਾਖਵਾਂਕਰਨ ਜਾਂ ਭਰਤੀ ਦੀਆਂ ਹੋਰ ਸ਼ਰਤਾਂ ਪੂਰੀਆਂ ਨਾ ਹੋਣਾ,

(vii) ਆਨਲਾਈਨ ਬਿਨੈ ਕਰਨ ਦੀ ਪ੍ਰਕਿਰਿਆ ਦੀ ਥਾਂ ਕਿਸੇ ਹੋਰ ਪ੍ਰਕਿਰਿਆ ਰਾਹੀਂ ਬਿਨੈ ਕਰਨਾ,

(viii) ਲਿਖਤੀ ਪ੍ਰੀਖਿਆ ਜਾਂ Physical Measurement Test (PMT) ਜਾਂ Physical Efficiency Test (PET) ਵਿੱਚ ਅਯੋਗ/ਫੇਲ ਉਮੀਦਵਾਰ।

11. ਬਿਨੈਕਾਰਾਂ ਦੇ ਧਿਆਨ ਹਿਤ ਅਤਿ ਜ਼ਰੂਰੀ ਹਦਾਇਤਾਂ :

(I) ਉਮੀਦਵਾਰਾਂ ਵੱਲੋਂ ਹਾਸਲ ਕੀਤਾ ਗਿਆ ਡਿਗਰੀ ਸਰਟੀਫਿਕੇਟ ਯੂ.ਜੀ.ਸੀ. ਦੀਆਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਮੁਤਾਬਿਕ ਹੋਵੇ।

(II) ਪਰਖਕਾਲ ਦੇ ਸਮੇਂ ਦੌਰਾਨ ਬਿਨ੍ਹਾਂ ਕਿਸੇ ਭੱਤਿਆਂ ਤੋਂ ਮੁੱਢਲੀ ਤਨਖਾਹ/ਡੀ.ਸੀ. ਰੇਟ ਮਿਲਣਯੋਗ ਹੋਵੇਗਾ। ਮੁੱਢਲੀ ਤਨਖਾਹ ਅਤੇ ਹੋਰ ਭੱਤਿਆਂ ਸਬੰਧੀ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ), ਪੰਜਾਬ ਸਰਕਾਰ ਦਾ ਪੱਤਰ ਨੰ: 7/204/2012-4ਐਫ.ਪੀ.1/66, ਮਿਤੀ 15.01.2015 ਅਤੇ ਇਸ ਸਬੰਧੀ ਸਮੇਂ-ਸਮੇਂ ਤੇ ਜਾਰੀ ਹੋਰ ਹਦਾਇਤਾਂ ਲਾਗੂ ਹੋਣਗੀਆਂ।

(III) ਇਨ੍ਹਾਂ ਅਸਾਮੀਆਂ ਲਈ ਰਾਖਵਾਂਕਰਨ ਅਤੇ ਸ਼੍ਰੇਣੀ-ਵਾਈਜ਼ ਵਰਗੀਕਰਨ ਜੇਲ੍ਹ ਵਿਭਾਗ, ਪੰਜਾਬ ਦਫਤਰ ਵਧੀਕ ਡੀ.ਜੀ.ਪੀ. ਜੇਲ੍ਹਾਂ, ਪੰਜਾਬ, ਚੰਡੀਗੜ੍ਹ ਵੱਲੋਂ ਪ੍ਰਾਪਤ ਮੰਗ-ਪੱਤਰ ਮਿਤੀ 10-01-2020 ਅਤੇ ਮਿਤੀ 05.11.2020 ਵਿੱਚ ਦਰਸਾਏ ਵਰਗੀਕਰਨ ਅਨੁਸਾਰ ਹੀ ਹੈ। ਜੇਕਰ ਜੇਲ੍ਹ ਵਿਭਾਗ ਭਵਿੱਖ ਵਿੱਚ ਭਰਤੀ ਪ੍ਰਕਿਰਿਆ ਦੀ ਕਿਸੇ ਵੀ ਸਟੇਜ ਤੇ ਕਿਸੇ ਵੀ ਕਾਰਨ ਉਪਰੋਕਤ ਦਰਸਾਈਆਂ ਅਸਾਮੀਆਂ ਦੀ ਗਿਣਤੀ ਘਟਾਉਣ ਜਾਂ ਵਧਾਉਣ ਦਾ ਫੈਸਲਾ ਲੈਂਦਾ ਹੈ ਜਾਂ ਉਪਰੋਕਤ ਦਰਸਾਏ ਸ਼੍ਰੇਣੀਆਂ ਦੇ ਵਰਗੀਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ ਸੋਧ ਕਰਨ ਦਾ ਫੈਸਲਾ ਲੈਂਦਾ ਹੈ ਤਾਂ ਬੋਰਡ ਦੁਆਰਾ ਇਸ ਸਬੰਧੀ Corrigendum/Notice ਰਾਹੀਂ ਸੂਚਨਾ ਦਿੱਤੀ ਜਾਵੇਗੀ। ਅਜਿਹੀ ਹਰ ਤਰ੍ਹਾਂ ਦੀ ਸੋਧ ਸਮੂਹ ਉਮੀਦਵਾਰਾਂ ਤੇ ਲਾਗੂ ਹੋਵੇਗੀ।

(IV) ਇਨ੍ਹਾਂ ਅਸਾਮੀਆਂ ਲਈ ਹਰ ਸ਼੍ਰੇਣੀ ਲਈ ਰਾਖਵਾਂਕਰਨ ਪੰਜਾਬ ਸਰਕਾਰ ਦੀਆਂ ਰਾਖਵਾਂਕਰਨ ਨੀਤੀ ਸਬੰਧੀ ਹਦਾਇਤਾਂ/ਨਿਯਮਾਂ ਅਨੁਸਾਰ ਲਾਗੂ ਹੋਵੇਗਾ। Economical Weaker Sections ਲਈ ਰਾਖਵਾਂਕਰਨ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਸਰਕਾਰ ਦੇ ਪੱਤਰ ਨੰ: 1/3/2019-ਆਰ.ਸੀ.1/120, ਮਿਤੀ 28 ਮਈ, 2019 ਅਤੇ ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਉਮੀਦਵਾਰਾਂ ਲਈ ਇਸਤਰੀ ਤੇ ਬਾਲ ਵਿਕਾਸ ਵਿਭਾਗ (ਸਮਾਜਿਕ ਸੁਰੱਖਿਆ ਸ਼ਾਖਾ) ਦੇ ਨੋਟੀਫਿਕੇਸ਼ਨ ਨੰਬਰ **G.S.R.87/Const./Arts.309 and 15/2020 dated 21st October, 2020** ਰਾਹੀਂ ਜਾਰੀ ਹਦਾਇਤਾਂ ਅਤੇ ਇਸਨੂੰ ਲਾਗੂ ਕਰਨ ਸਬੰਧੀ ਭਵਿੱਖ ਵਿੱਚ ਜਾਰੀ ਕੀਤੀ ਜਾਣ ਵਾਲੀ ਹਰ ਹਦਾਇਤ/ਨਿਯਮ ਦੇ ਅਨੁਸਾਰ ਲਾਗੂ ਹੋਵੇਗਾ।

(V) ਇਨ੍ਹਾਂ ਅਸਾਮੀਆਂ ਲਈ ਉਮੀਦਵਾਰ ਕੇਵਲ ਬੋਰਡ ਦੀ ਵੈੱਬਸਾਈਟ www.sssb.punjab.gov.in ਤੇ ਆਨਲਾਈਨ ਹੀ ਅਪਲਾਈ ਕਰ ਸਕਦੇ ਹਨ। ਇਸ ਤੋਂ ਬਿਨ੍ਹਾਂ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਅਰਜੀ ਰੱਦ ਸਮਝੀ ਜਾਵੇਗੀ।

(VI) ਆਨਲਾਈਨ ਫਾਰਮ ਭਰਨ ਸਮੇਂ ਹੋਈ ਕਿਸੇ ਵੀ ਗਲਤੀ ਲਈ ਉਮੀਦਵਾਰ ਖੁਦ ਜਿੰਮੇਵਾਰ ਹੋਵੇਗਾ। ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ ਅਤੇ ਨਾ ਹੀ ਕਿਸੇ ਵੀ ਕਾਲਮ ਵਿੱਚ ਸੋਧ ਕੀਤੀ ਜਾਏਗੀ। ਉਮੀਦਵਾਰ ਵੱਲੋਂ ਇੱਕ ਵਾਰ ਭਰਿਆ ਗਿਆ ਡਾਟਾ ਕਿਸੇ ਵੀ ਹਾਲਤ ਵਿੱਚ ਬਦਲਣ ਦੀ ਆਗਿਆ ਨਹੀਂ ਹੋਵੇਗੀ।

(VII) ਉਮੀਦਵਾਰ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਨ੍ਹਾਂ ਅਸਾਮੀਆਂ ਲਈ ਖੁਦ ਆਨਲਾਈਨ ਅਪਲਾਈ ਕਰਨ। ਉਮੀਦਵਾਰ ਵੱਲੋਂ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਲੈਣ ਦੀ ਸਥਿਤੀ ਵਿੱਚ ਕੋਈ ਵੀ ਗਲਤੀ ਹੋ ਜਾਣ ਉਪਰੰਤ ਕਿਸੇ ਵੀ ਹਾਲਤ ਵਿੱਚ ਫਾਰਮ ਦੇ ਕਿਸੇ ਵੀ ਕਾਲਮ ਵਿੱਚ ਸੋਧ ਨਹੀਂ ਕੀਤੀ ਜਾਵੇਗੀ।

(VIII) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਲੋੜੀਂਦੇ ਸਰਟੀਫਿਕੇਟ ਸਕੈਨ ਕਰਕੇ ਨਾਲ ਹੀ ਅਪਲੋਡ ਕਰਨਗੇ।

(IX) ਉਮੀਦਵਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਰਤੀ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਿ ਪ੍ਰੀਖਿਆ ਦੀ ਮਿਤੀ/ਸ਼ਡਿਊਲ, Admit Card, ਨਤੀਜਾ, ਮੈਰਿਟ ਸੂਚੀ ਜਾਂ ਭਰਤੀ ਪ੍ਰਕੀਰਿਆ ਸਬੰਧੀ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਹੋਣ ਵਾਲੀ ਜਾਣਕਾਰੀ/ਨੋਟਿਸ/ਤਬਦੀਲੀ

ਸਿਰਫ ਬੋਰਡ ਦੀ ਵੈੱਬਸਾਈਟ ਤੇ ਹੀ ਅਪਲੋਡ (upload) ਕੀਤੀ ਜਾਏਗੀ। ਇਸ ਸਬੰਧੀ ਉਮੀਦਵਾਰਾਂ ਨੂੰ ਵੱਖਰੇ ਤੌਰ ਤੇ ਕੋਈ ਵੀ ਸੂਚਨਾ ਨਹੀਂ ਭੇਜੀ ਜਾਏਗੀ। ਇਸ ਕਰਕੇ ਜਦ ਤੱਕ ਭਰਤੀ ਪ੍ਰਕਿਰਿਆ ਮੁੰਕਮਲ ਨਹੀਂ ਹੋ ਜਾਂਦੀ ਤਦ ਤੱਕ ਉਮੀਦਾਵਰਾਂ ਨੂੰ Latest updates ਲਈ ਬੋਰਡ ਦੀ ਵੈੱਬਸਾਈਟ www.sssb.punjab.gov.in ਲਾਜ਼ਮੀ ਤੌਰ ਤੇ ਚੈੱਕ ਕਰਦੇ ਰਹਿਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਮੀਦਵਾਰਾਂ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਲਈ ਅਧੀਨ ਸੇਵਾਵਾਂ ਚੋਣ ਬੋਰਡ ਜ਼ਿੰਮੇਵਾਰ ਨਹੀਂ ਹੋਵੇਗਾ ਅਤੇ ਨਾ ਹੀ ਇਸ ਸਬੰਧੀ ਕੋਈ ਸੁਣਵਾਈ ਦਾ ਮੌਕਾ ਦਿੱਤਾ ਜਾਏਗਾ।

(X) ਵੱਖ-ਵੱਖ ਵਰਗਾਂ/ਸ਼੍ਰੇਣੀਆਂ ਵਿੱਚ ਅਸਾਮੀਆਂ ਉਸ ਵਰਗ ਵਿੱਚ ਅਸਾਮੀਆਂ ਦੀ ਉਪਲਬਧਤਾ ਅਧੀਨ ਭਰੀਆਂ ਜਾਣਗੀਆਂ।

(XI) ਆਨਲਾਈਨ ਅਪਲਾਈ ਕਰਨ ਜਾਂ ਲਿਖਤੀ ਪੇਪਰ ਵਿੱਚ ਅਪੀਅਰ ਹੋਣ ਜਾਂ ਮੈਰਿਟ ਸੂਚੀ ਵਿੱਚ ਨਾਮ ਆਉਣ ਜਾਂ ਕਾਊਂਸਲਿੰਗ ਲਈ ਬੁਲਾਏ ਜਾਣ ਨਾਲ ਉਮੀਦਵਾਰ ਦਾ ਅਸਾਮੀ ਲਈ ਅਧਿਕਾਰ ਨਹੀਂ ਬਣ ਜਾਵੇਗਾ। ਅਸਾਮੀਆਂ ਲਈ ਹਰ ਪੱਖੋਂ ਯੋਗ ਪਾਏ ਗਏ ਉਮੀਦਵਾਰ ਦਾ ਨਾਮ ਜੇਲ੍ਹ ਵਿਭਾਗ,ਪੰਜਾਬ ਨੂੰ ਸਿਫਾਰਸ਼ ਕੀਤਾ ਜਾਏਗਾ। ਤੈਅ ਸਮੇਂ-ਸੀਮਾ ਅੰਦਰ ਆਪਣੀ ਯੋਗਤਾ ਸਿੱਧ ਨਾ ਕਰ ਸਕਣ ਦੀ ਸਥਿਤੀ ਵਿੱਚ ਉਮੀਦਵਾਰ ਦੀ ਪਾਤਰਤਾ ਰੱਦ ਕਰ ਦਿੱਤੀ ਜਾਏਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ।

(XII) ਉਮੀਦਵਾਰ ਵੱਲੋਂ ਭਰਤੀ ਦੀ ਕਿਸੇ ਵੀ ਸਟੇਜ ਤੇ ਉਪਲਬਧ ਕਰਵਾਏ ਗਏ ਕਿਸੇ ਵੀ ਦਸਤਾਵੇਜ ਦੇ ਗਲਤ ਸਾਬਤ ਹੋਣ ਤੇ ਉਸਦਾ ਨਾਮ ਮੈਰਿਟ ਸੂਚੀ ਵਿੱਚੋਂ ਕੱਢ ਦਿੱਤਾ ਜਾਏਗਾ ਅਤੇ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਏਗੀ। ਅਜਿਹੇ ਉਮੀਦਵਾਰ ਵਿਰੁੱਧ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਵੀ ਆਰੰਭੀ ਜਾ ਸਕਦੀ ਹੈ।

(XIII) ਉਮੀਦਵਾਰ ਇਹ ਵੀ ਤਸਦੀਕ ਕਰਨਗੇ ਕਿ ਉਹ ਉਪਰੋਕਤ ਅਸਾਮੀ ਕੋਡ ਅਨੁਸਾਰ ਲੋੜੀਂਦੀ ਯੋਗਤਾ ਅਤੇ ਨਿਰਧਾਰਤ ਸ਼ਰਤਾ ਪੂਰੀਆਂ ਕਰਦਾ ਹੈ। ਉਮੀਦਵਾਰ ਵੱਲੋਂ ਕਾਊਂਸਲਿੰਗ ਸਮੇਂ ਅਸਲ ਦਸਤਾਵੇਜ ਦੇ ਆਧਾਰ ਤੇ ਉਮਰ, ਵਿੱਦਿਅਕ ਯੋਗਤਾ ਅਤੇ ਲੋੜੀਂਦੇ ਦਸਤਾਵੇਜ ਸਬੰਧੀ ਤਸਦੀਕ ਕਰਨੀ ਹੋਵੇਗੀ। ਇੰਨ੍ਹਾਂ ਦਸਤਾਵੇਜਾਂ ਦੇ ਹਰ ਪੱਖੋਂ ਸਹੀ ਸਿੱਧ ਹੋਣ ਅਤੇ ਲੋੜੀਂਦੀਆਂ ਸ਼ਰਤਾਂ/ਯੋਗਤਾਵਾਂ ਪੂਰੀਆਂ ਕਰਨ, Physical Measurement Test(PMT) ਅਤੇ Physical Efficiency Test(PET) ਪਾਸ ਕਰਨ ਵਾਲੇ ਉਮੀਦਵਾਰ ਦਾ ਨਾਮ ਹੀ ਮੈਰਿਟ ਅਨੁਸਾਰ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤਾ ਜਾਏਗਾ।

(XIV) ਉਮੀਦਵਾਰ ਕਾਊਂਸਲਿੰਗ ਸਮੇਂ ਵਿੱਦਿਅਕ ਯੋਗਤਾ, ਜਾਤੀ ਅਤੇ ਰਾਖਵਾਂਕਰਨ ਨਾਲ ਸਬੰਧਤ ਆਪਣੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਪੇਸ਼ ਕਰਨਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ। ਕਾਊਂਸਲਿੰਗ ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਸਬੰਧਤ ਕੈਟਾਗਰੀ ਦੀਆਂ ਅਸਾਮੀਆਂ ਲਈ ਵਿਚਾਰਿਆ ਨਹੀਂ ਜਾਏਗਾ।

(XV) ਲਿਖਤੀ ਪ੍ਰੀਖਿਆ, ਕਾਊਂਸਲਿੰਗ, Physical Measurement Test(PMT) ਅਤੇ Physical Efficiency Test(PET) ਲਈ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਏਗਾ।

(XVI) ਇਸ ਭਰਤੀ ਸਬੰਧੀ ਬੋਰਡ ਦੁਆਰਾ ਭਵਿੱਖ ਵਿੱਚ ਜਾਰੀ ਕੋਈ ਵੀ ਸੋਧ/ਨੋਟਿਸ/Corrigendum ਇਸ ਭਰਤੀ ਤੇ ਲਾਗੂ ਹੋਵੇਗਾ ਅਤੇ ਸਮੂਹ ਉਮੀਦਵਾਰ ਇਸਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ।

(XVII) ਇਸ ਭਰਤੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਕਰਨ ਦਾ ਅਧਿਕਾਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਪਾਸ ਰਾਖਵਾਂ ਹੋਵੇਗਾ ਅਤੇ ਕਿਸੇ ਵੀ ਮਾਮਲੇ/ਵਿਸ਼ੇ ਸਬੰਧੀ ਬੋਰਡ ਦੁਆਰਾ ਗਠਿਤ ਕੀਤੀ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਇਹ ਫੈਸਲਾ ਸਾਰੇ ਉਮੀਦਵਾਰਾਂ ਤੇ ਲਾਗੂ ਹੋਵੇਗਾ।

(XXVIII) ਇਨ੍ਹਾਂ ਅਸਾਮੀਆਂ ਲਈ ਆਨਲਾਈਨ ਬਿਨੈ (Online Apply) ਕਰਨ ਸਬੰਧੀ ਕੋਈ ਮੁਸ਼ਕਿਲ/ਔਕੜ ਆਉਣ ਤੇ e-mail ਰਾਹੀਂ helpsssb@puncom.com ਸੰਪਰਕ ਕੀਤਾ ਜਾ ਸਕਦਾ ਹੈ।

(XIX) ਇਸ ਭਰਤੀ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ 10.00 am ਤੋਂ 04.00 pm ਬੋਰਡ ਦੇ ਦਫਤਰੀ ਫੋਨ ਨੰ: 0172-2298000-Extension 5103 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸਹੀ/-

ਸਥਾਨ : ਐਸ.ਏ.ਐਸ. ਨਗਰ
ਮਿਤੀ :12/11/2020

ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

## Annexure-A

## Plan of Written Examination

All the aspirants are informed as under with respect to the written test to be conducted for the recruitment of Assistant Superintendent/Welfare Officer/Probation Officer of Prisons:-

1. Exam will be bi-lingual (English & Punjabi).
2. The Exam will be conducted in MCQ (Multiple Choice Questions) format.
3. OMR sheets will be used for answering the questions.
4. The Scheme of Examination(Syllabus and Exam Pattern) is as under:

| Sr. No. | Indicative Contents of Syllabus | Weightage (Approximate.) |
|---|---|---|
| 1. | **Quantitative Ability**<br>Number Series, Profit and Loss, Calculation of Interest, Divisibility Test, Simplification Problems, Problems on Ration & Proportions, Percentage problems, problems on Interest, Time and Work problems, Time and Distance problems, problems on Area and Volume, Calender, Clocks, Trains, Problems on Age, Data Interpretation. | 15 |
| 2. | **Information Technology & Cybler Laws**<br>Basics of Computers, Working of Mobile Phones and personal digital Gadgets, Wireless Technology including 3G, 4G, 5G, Wi-Fi and Bluetooth, Radio Frequencies & Signal Propagation, Use of hotspots, Fundamentals of Computers and Networks, Internet and Cyber Laws, Malware, Concepts related to GPS, Geo-fencing, Fingerprinting, CDR Analysis, Understanding emails/SMS/ messengers & tracing, Use of Office Productivity Tools such as MS Word, PowerPoint, spreadsheets, Database Management. | 20 |
| 3. | **Reasoning Ability**<br>Problems on Logical thinking, Alphanumeric Series, Coding & Decoding problems, Letter & Number Series, Blood relation puzzles, Odd Man Out problems, Analogy problems, Common Sense Test, problems on Alphabetical Arrangement of Words, Date and Calender problems, Sense of Direction problems, Ranking and Sitting arrangements. | 15 |
| 4. | **Languages (English and Punjabi)**<br>Basic Grammar, Subject and Verb, Adjectives and Adverbs, Synonyms, Antonyms, One Word Substitution, Fill in the Blanks, Problem concerning words, Comparison of Adjectives, Articles, Prepositions, Direct and Indirect Speech, Active and Passive Voice, Correction in Sentences, gender, Singular and Plural, Idioms and their meanings, Reading comprehension, Spell Checks etc. | 20 |
| 5. | **General Knowledge/Awareness (India & Punjab)**<br>Current Affairs, History & Geography, its Physical Features, Climate, Demography of India, Its Economic and Social Development, Poverty Alleviation, Economic Planning, Etc. Economic Affaris, and Culture, knowledge related to Political and Scientific fields, Sports, Cinema and Literature etc. Important Events, Movements and Leaders of India and Punjab. | 20 |
| 6. | **Basic Law & Constitution**<br>Constitutional & Administrative law, its Features, explanation on Citizenship, Fundamental Rights & Duties of the citizens, Human Rights, Supreme Court and High Court appointments, transfer, power, functions, Apex Courts, Controller and Auditor General Public Service Commissions and other important Offices, State Executive, Union Territories, jurisdiction, emergency provision, natural justice, centre, state and local bodies, constitutional provisions of President and Council of minsters, etc. | 10 |

Note:- 1) The distribution of marks/question in each section is indicative. It may vary slightly.

2) The syllabus is broadly classified as above but may vary to some extent.

# Annexure-B

## Physical Efficiency Test for Assistant Superintendent/Welfare Officer/Probation Officer of Prisons is as under:-

### Physical Efficiency Test for Male candidates

| Sr. No. | Item | Eligible Time/Distance |
|---|---|---|
| 1. | 100 Meters Run | 15 Seconds (Only one Chance) |
| 2. | Shot Put (7.26 Kg) (16 Pound) | 5.50 Meters (Three Chances) |
| 3. | Rope Climbing | 15 Feet (Three Chances) |

### Physical Efficiency Test for Female candidates

| Sr. No. | Item | Eligible Time/Distance |
|---|---|---|
| 4. | 100 Meters Run | 18.5 Seconds (Only one Chance) |
| 5. | Shot Put (5.443 Kg) (12 Pound) | 4.00 Meters (Three Chances) |
| 6. | Rope Climbing | 12 Feet (Three Chances) |

### Physical Efficiency Test for Male Ex-Servicemen Candidates

| Sr. No. | Item | Eligible Time/Distance |
|---|---|---|
| 7. | 100 Meters Run | 17.5 Seconds (Only one Chance) |
| 8. | Shot Put (7.26 Kg) (16 Pound) | 5.00 Meters (Three Chances) |
| 9. | Rope Climbing | 12 Feet (Three Chances) |

### Physical Efficiency Test for Ex-Servicewomen Candidates

| Sr. No. | Item | Eligible Time/Distance |
|---|---|---|
| 10. | 100 Meters Run | 20 Seconds (Only one Chance) |
| 11. | Shot Put (5.443 Kg) (12 Pound) | 3.50 Meters (Three Chances) |
| 12. | Rope Climbing | 10 Feet (Three Chances) |

Note:- Wards of Ex-Servicemen will have to qualify the Physical Efficiency Test as per the criteria fixed for general category candidates.